# ਛਾਂ, ਪਾਣੀ ਅਤੇ ਜੀਵਨ

ਹਰ ਕੋਈ ਭਾਵੇਂ ਜੀਵ ਹੈ ਜਾਂ ਬਨਸਪਤੀ ਤੱਪਿਸ ਤੋਂ ਬਚਣ ਲਈ ਛਾਂ ਭਾਲਦਾ ਹੈ ਵਰਨਾ ਧਰਤੀ ਦੀ ਤੱਪਿਸ ਵਿਚ ਸਰਿਸਟੀ ਝੁਲਸ ਜਾਵੇਗੀ। ਮਨੁਖ ਨੇ ਤਾਂ ਕੋਈ ਕਸਰ ਹੀ ਨਹੀ ਛੱਡੀ ਵਾਤਾਵਰਣ ਨੂ ੰਤਬਾਹ ਕਰਨ ਲਈ। ਆਪਣੀ ਸਿਆਣਪ ਨਾਲ ਆਪਣਾ ਕਮਰਾ ਤਾਂ ਏ.ਸੀ. ਲਾ ਕੇ ਢੰਡਾ ਤਾਂ ਕਰ ਲਿਤਾ ਪਰ ਪਿੱਛੇ ਭੱਠੀ ਵਰਗੀ ਅੱਗ ਜੋ ਛੱਡ ਦਿਤੀ ਗਈ ਦਾ ਅਹਿਸਾਸ ਹੀ ਨਹੀਂ ਕੀਤਾ ਕਦੇ। ਅਸਲ ਆਪਣੇ ਲਗੇ ਤਾਂ ਅੱਗ ਦੂਜੇ ਦੀ ਫੂਕ ਬਸੰਤਰ ਵਾਲੀ ਗੱਲ ਹੈ।

ਅਸਲ ਹੁੰਦਾ ਤਾਂ ਇੰਜ ਹੀ ਹੈ। ਮੈਂ ਵੀ ਤਾਂ ਤੁਹਾਡੇ ਵਿਚੋ ਹੀ ਹਾਂ ਅਤੇ ਇੰਜ ਹੀ ਕਰਦਾ ਤੇ ਸੋਚਦਾ ਹਾਂ। ਪਟਿਆਲਾ ਤੋਂ ਹਜੂਰ ਸਾਹਿਬ ਦੀ ਯਾਤਰਾ ਨੇ ਇਸ ਵਿਸੇ ਤੇ ਸੋਚਣ ਤੇ ਲਿਖਣ ਲਈ ਪ੍ਰੇਰਣਾ ਦਿਤੀ।

ਹਰੇ ਭਰੇ ਖੇਤ ਅਤੇ ਆਲਾਦੁਆਲਾ ਵੇਖਦਿਆਂ ਵੇਖਦਿਆਂ ਪੰਜਾਬ ਹਰਿਆਣਾਂ ਪਾਰ ਕਰ ਗਏ ਅਤੇ ਦਿੱਲੀ ਵੀ ਇਸੇ ਤਰ੍ਹਾਂ ਨਿਕਲ ਗਈ ਨਾਲ ਹੀ ਜੀਵਨ ਅਤੇ ਆਮ ਵਾਤਾਵਰਣ ਵਿਚ ਤਬਦੀਲੀ ਨਜ਼ਰ ਆਉਣ ਲੱਗੀ। ਧਰਤੀ ਤੇ ਵਾਤਾਵਰਣ ਨਾਲ ਨਾਲ ਲੋਕਾਂ ਦੇ ਵਤੀਰੇ ਵਿਚ ਖੁਸ਼ਕੀ ਦੀ ਝੱਲਕ ਦਿਖਣ ਲੱਗੀ। ਧਰਤੀ ਤੋਂ ਹਰਿਆਲੀ ਦੀ ਪਰਤ ਇਉਂ ਹੱਟਣ ਲੱਗੀ ਜਿਵੇਂ ਕੋਈ ਇਸਨਾਨ ਕਰਨ ਲੱਗਿਆਂ ਆਪਣੇ ਇੱਕ ਇੱਕ ਕਰ ਕੱਪੜੇ ਉਤਾਰ ਰਿਹਾ ਹੋਵੇ। ਛਿੱਟ ਪੁੱਟ ਦਰੱਖਤ ਦਿਖਾਈ ਦੇਣ ਲੱਗੇ। ਭੁਪਾਲ ਨੇੜੇ ਲੱਗਦਿਆਂ ਰੇਲ ਗੱਡੀ ਦੇ ਏ.ਸੀ. ਕਮਰੇ ਤੋਂ ਬਾਹਰ ਨਿਕਲਦੇ ਸਾਰ ਲਹਿਦੇ ਮਾਘ ਦੇ ਮਹੀਨੇ ਵਿਚ ਵਿਸਾਖ ਦੇ ਮੋਸਮ ਦਾ ਅਹਿਸਾਸ ਹੋਣ ਲੱਗਾ। ਸੋ ਕੁ ਮੀਲ ਅੱਗੇ ਲੰਘਣ ਤੇ ਹਵਾ ਤੱਤੀ ਮਹਿਸੂਸ ਹੋਈ ਤੇ ਸਧਾਰਣ ਕੰਪਾਰਟਮੈਂਟ ਵਿਚ ਪੱਖਿਆਂ ਨੇ ਘੁੱਕਣਾਂ ਸੁਰੂ ਕਰ ਦਿੱਤਾ। ਧਰਤੀ ਪਥਰੀਲੀ ਹੋਣ ਲੱਗੀ, ਸਟੇਸ਼ਨਾ ਤੇ ਪੀਣ ਵਾਲੇ ਪਾਣੀ ਲਈ ਲੋਕਾਂ ਦੀ ਦੌੜ ਭੱਜ ਵਧੀ। ਠੰਡੇ ਪਾਣੀ ਦੀਆਂ ਬੋਤਲ ਦੀ ਮੰਗ ਵੀ ਹੋਣ ਲੱਗੀ।

ਮਨਵਾੜ ਤੱਕ ਅੱਪੜਦਿਆਂ ਪਾਣੀ ਦੀ ਸੰਭਾਲ ਨਜ਼ਰੀ ਪਈ ਘਰਾਂ ਤੇ ਖੇਤਾਂ ਨੇੜੇ ਟੋਏ ਪੁੱਟ ਕੇ ਕਾਲੀ ਪੋਲੀਥੀਨ ਦੀ ਚਾਦਰਾਂ ਦੀ ਲਾਈਨਿੰਗ ਪਾਣੀ ਇਕੱਠਾ ਕਰਨ ਦੇ ਢੰਗ ਦੀ ਵਰਤੋ ਨੇ ਉਨਾਂ ਦੀ ਸੂਝ ਬੂਝ ਦਰਸਾਈ। ਬਹੁਤ ਚੰਗਾ ਲੱਗਿਆ ਇਹ ਦੇਖ ਕੇ। ਲੱਗਿਆ ਕੇ ਪਾਣੀ ਦੀ ਸੰਭਾਲ ਦੀ ਤਾਂ ਅਸੀ ਪੰਜਾਬੀ ਗੱਲਾਂ ਹੀ ਕਰਦੇ ਹਾਂ ਪਰ ਅਸਲ ਕਰਦਿਆਂ ਮਹਾਰਸਟਰ ਦੇ ਲੋਕਾਂ ਨੂ ੰ ਵੇਖਿਆ ਮਹਿਸੂਸ ਵੀ ਹੋਇਆ ਕਿ ਕਥਨੀ ਤੇ ਕਰਨੀ ਵਿਚ ਕਿਤਨਾ ਫਰਕ ਹੁੰਦਾ ਹੈ

ਗਰਮੀ ਵਧਣ ਲੱਗੀ। ਜਿਥੇ ਤੱਕ ਨਜ਼ਰ ਗਈ ਲਗਿਆ ਕਿ ਇਥੇ ਦੀ ਧਰਤੀ ਤੇ ਪੱਥਰਾਂ ਦੀ ਖੇਤੀ ਹੁੰਦੀ ਹੈ ਟਾਂਵਾ ਟੱਲਾ ਕਿਤੇ ਕਿਤੇ ਦਰੱਖਤ ਨਜ਼ਰੀ ਆਣ ਲਗਾ। ਤੱਪਸ਼ ਤੋਂ ਬਚਣ ਲਈ ਮਨੁੱਖ ਤੇ ਜੀਵ ਜੰਤੂਆਂ ਨੇ ਇਨਾ ਦੀ ਛਾਂ ਦਾ ਸਹਾਰਾ ਲੈਦਿਆਂ ਕਿਕਰ ਦੇ ਦਰਖਤਾਂ ਹੇਠ ਬੈਠੇ ਵਿਖਈ ਦੇਣ ਲੱਗੇ। ਮਹਿਸੂਸ ਹੋਇਆ ਕਿ ਕੋਈ ਕਿਤੇ ਵੀ ਭੱਜੀ ਜਾਵੇ ਕੁਦਰਤ ਦਾ ਸਹਾਰਾ ਲੋੜੀਂਦਾ

ਹੀ ਹੈ ਆਖਿਰ ਸਭ ਨੂੰ ਉਥੋਂ ਦੇ ਲੋਕਾਂ ਲਈ ਘਾਹ ਫੂਸ ਦੀ ਝੋਪੜੀ ਨੁਮਾ ਓਟ ਹੀ ਜੀਵਨ ਨੂੰ ਲੁਕੋਣ ਲਈ ਬਹੁਤ ਲਗਿਆ।

ਸੱਚ ਵਿਚ ਛਾਂ ਅਤੇ ਪਾਣੀ ਦੀ ਮਹੱਤਤਾ ਸਾਡੇ ਨਾਲੋ ਉਥੇ ਦੇ ਵਸਨੀਕਾਂ ਨੂੰ ਅਧਿਕ ਪਤਾ ਹੈ ਕਿਉ ਕਿ ਇਹ ਉਥੇ ਦੀ ਮੁੱਖ ਜਰੂਰਤ ਹੈ ਜੀਵਨ ਲਈ। ਸਮਾਂ ਕਿਤੇ ਬਹੁਤ ਦੂਰ ਨਹੀਂ ਲੱਗਦਾ ਪੰਜਾਬ ਲਈ ਵੀ, ਜੇ ਸੁਚੱਜੀ ਸੰਭਾਲ ਨਾ ਕੀਤੀ ਗਈ ਪਾਣੀ ਦੀ ਤੇ ਇਸ ਦੇ ਵਸੀਲਿਆਂ ਦੀ। ਇਹ ਸੋਚ ਕੇ, ਕਿ ਕਿਤੇ ਅਜਿਹਾ ਸਮਾਂ ਨਾ ਆਵੇ ਕਿ ਗਲਾਸ ਜਾਂ ਫਿਰ ਗੜਵੀ ਵਿਚ ਪਾਣੀ ਲੈ ਫਸਲਾਂ ਦੇ ਇਕ ਇਕ ਬੂਟੇ ਦੀ ਜੜ੍ਹ ਵਿਚ ਪਾਉਣ ਦੀ ਨੌਬਤ ਆਈ ਤਾਂ.... ਕੰਬਣੀ ਜਹੀ ਛਿੜ ਗਈ ਮੇਰੇ ਸਰੀਰ ਵਿਚ।

ਬਹੁਤ ਭਿਆਨਕ ਲਗਦਾ ਹੈ ਸੋਚ ਕੇ ਕਿਥੋ ਲਿਆਵਾਂਗੇ ਪਾਣੀ ਪੀਣ ਲਈ ਤੇ ਫਸਲਾਂ ਲਈ ਕਿਥੋ ਆਵੇਗੀ ਛਾਂ ਦਰੱਖਤਾਂ ਦੀ ਗਰਮੀ ਝਲਣ ਲਈ ਜੇ ਸਾਡੇ ਦਰਿਆ ਤੇ ਨਦੀਆਂ ਸੁਕ ਗਈਆਂ ਜ਼ਾ ਗੰਦਿਆਂ ਹੀ ਹੋ ਗਈਆਂ ਤਾਂ। ਦਰਅਸਲ ਹੋ ਹੀ ਰਿਹਾ ਹੈ ਇੰਜ ਹੀ ਕੋਈ ਸ਼ਕ ਨਹੀਂ। ਸਾਡੀਆਂ ਨਦੀਆਂ ਤੇ ਦਰਿਆਂ ਸੁਕਣ ਲੱਗ ਹੀ ਪਏ ਹਨ। ਜੋ ਕੋਈ ਚਲ ਵੀ ਰਹੇ ਹਨ ਤਾਂ ਉਨਾਂ ਵਿਚ ਫੈਕਟਰੀਆਂ ਦਾ ਗੰਦ ਮੰਦ ਭਰਿਆ ਹੋਇਆ ਹੈ।

ਇਸ ਤੋਂ ਪਿਹਲੋ ਅਸੀਂ ਵੀ ਤਰਪਾਲ ਜਾਂ ਪੋਲੀਥੀਨ ਦੇ ਚੁਬਚੇ ਬਣਾ ਪਾਣੀ ਦਾ ਸਾਰ੍ਸ਼ਣ ਦੇ ਕਿਨਾਰੇ ਆਈਏ, ਹੋਸ ਵਿਚ ਆਵਣ ਦੀ ਲੋੜ ਹੈ ਸਾਨੂੰ ਸਾਰਿਆਂ ਲੂਲੀਡਰਾਂ ਵਾਲੀਆਂ ਗੱਲਾਂ ਘੱਟ ਕਰੀਏ, ਛਾਂ ਤੇ ਪਾਣੀ ਦੀ ਸੰਭਾਲ ਕਰਨ ਦੇ ਉਪਰਾਲੇ ਹੁਂਣੇ ਤੋਂ ਹੀ ਆਰੰਭੀਏ। ਅਸਾਂ ਨੇ ਆਪਣੇ ਕੁਹਾੜੇ ਨਾਲ ਬੀੜ, ਜੰਗਲ, ਚਾਰਾਗਾਹਾਂ ਤਾਂ ਉਜਾੜ ਹੀ ਦਿਤੀਆਂ ਹਨ। ਆਪਣੇ ਕੰਦਾਲਾ ਦੀ ਚੋਟਾਂ ਨਾਲ ਪਹਾੜ ਦੇ ਪਹਾੜ ਢਾਹ ਮੈਦਾਨ ਬਣਾ ਦਿਤੇ ਹਨ। ਆਪਣੇ ਪੈਰੀ ਤਾਂ ਕੁਹਾੜੀ ਮਾਰ ਹੀ ਬੈਠੇ ਹਾਂ ਆਪਣੀ ਅਗਲੀ ਪੀੜੀ ਲਈ ਤਾਂ ਸੋਚ ਕਰੀਏ ਤੇ ਜਿਆਦਾ ਤੋਂ ਜਿਆਦਾ ਹੁਂਣੇ ਤੋਂ ਹੀ ਬਨਸਪਤੀ ਲਗਾਈ ਜਾਵੇ, ਲਗੇ ਦਰਖਤਾਂ ਦੀ ਜੁਗਾਂ ਤੱਕ ਸੰਭਾਲ ਕਰਨੀ ਸਿਖੀਏ ਤੱਦੇ ਹੀ ਜੀਵਨ ਰਹੇਗਾ ਅਤੇ ਸਾਡੀ ਆਉਣ ਵਾਲੀ ਪੀੜ੍ਹੀ ਵੀ।

**( ਡਾ: ਰਿਪੁਦਮਨ ਸਿੰਘ )**

134-ਐਸ, ਸੰਤ ਨਗਰ,

ਪਟਿਆਲਾ 147001

ਮੋ: 9815200134